# ਬਰਤਨਾਂ ਬਾਰੇ ਉਪਨਿਯਮ - 22 ਅਪ੍ਰੈਲ 2022
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

### ਮੈਨੂੰ ਬਰਤਨਾਂ ਬਾਰੇ ਉਪਨਿਯਮ ਕਿੱਥੇ ਮਿਲ ਸਕਦੇ ਹਨ?

ਸਿੰਗਲ-ਯੂਜ਼ ਬਰਤਨਾਂ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਇੱਕ ਸੋਧ ਵਿੱਚ ਹਨ। ਉਪਨਿਯਮ ਵਿੱਚ ਇਹ ਸੋਧ vancouver.ca/utensils 'ਤੇ ਉਪਲਬਧ ਹੈ:

- ਉਪਨਿਯਮ 12620 (ਸਿੰਗਲ-ਯੂਜ਼ ਬਰਤਨਾਂ ਦੀ ਵਰਤੋਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ 4450 ਵਿੱਚ ਸੋਧ ਕਰਦਾ ਹੈ)

ਏਕੀਕ੍ਰਿਤ ਲਾਇਸੈਂਸ ਉਪਨਿਯਮ ਨੰਬਰ 4450 **vancouver.ca/your-government/licence-bylaw** 'ਤੇ ਉਪਲਬਧ ਹੈ

### ਸਿੰਗਲ-ਯੂਜ਼ ਬਰਤਨਾਂ ਨੂੰ ਨਿਯੰਤ੍ਰਿਤ ਕਿਉਂ ਕੀਤਾ ਜਾਵੇ?

ਜਦੋਂ ਅਸੀਂ 2040 ਤੱਕ ਜ਼ੀਰੋ ਵੇਸਟ ਕਮਿਉਨਿਟੀ ਬਣਨ ਵੱਲ ਕੰਮ ਕਰ ਰਹੇ ਹਾਂ, ਸਿੰਗਲ-ਯੂਜ਼ ਬਰਤਨਾਂ ਬਾਰੇ ਉਪ-ਬੇਨਤੀ ਉਪਨਿਯਮ ਉਹਨਾਂ ਕਾਰਵਾਈਆਂ ਦਾ ਹਿੱਸਾ ਹੈ ਜੋ ਸਿਟੀ ਦੁਆਰਾ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਕਚਰੇ ਨੂੰ ਘਟਾਉਣ ਲਈ ਕੀਤੀਆਂ ਜਾ ਰਹੀਆਂ ਹਨ।

ਸਾਲ 2018 ਵਿੱਚ, ਵੈਨਕੂਵਰ ਵਿੱਚ ਲਗਭਗ 103 ਮਿਲੀਅਨ ਡਿਸਪੋਜ਼ੇਬਲ ਬਰਤਨ ਕੂੜੇ ਵਿੱਚ ਸੁੱਟੇ ਗਏ ਸਨ — ਉਹਨਾਂ ਬਰਤਨਾਂ ਤੋਂ ਇਲਾਵਾ ਜਿਨ੍ਹਾਂ ਨੂੰ ਕੁਦਰਤੀ ਵਾਤਾਵਰਣ ਵਿੱਚ ਸੁੱਟ ਦਿੱਤਾ ਜਾਂਦਾ ਸੀ। ਵੈਨਕੂਵਰ ਦੇ 84 ਪ੍ਰਤਿਸ਼ਤ ਲੋਕ ਸਹਿਮਤ ਹਨ ਕਿ ਜਲਦੀ ਨਾਲ ਖਾਣਾ ਪਰੋਸਣ ਵਾਲੇ ਰੈਸਟੋਰੈਂਟਾਂ ਜਾਂ ਕੈਫੇਆਂ ਨੂੰ ਖਾਣ ਲਈ ਮੁੜ-ਵਰਤੋਂ ਯੋਗ ਭਾਂਡੇ ਮੁਹੱਈਆ ਕਰਵਾਉਣੇ ਚਾਹੀਦੇ ਹਨ। ਵੈਨਕੂਵਰ ਦੇ 71 ਪ੍ਰਤਿਸ਼ਤ ਲੋਕਾਂ ਦਾ ਮੰਨਣਾ ਹੈ ਕਿ ਜੇ ਖਰੀਦਦਾਰੀ ਕਰਨ ਤੋਂ ਪਹਿਲਾਂ ਉਹਨਾਂ ਨੂੰ ਪੁੱਛਿਆ ਜਾਵੇ ਕਿ ਕੀ ਉਹਨਾਂ ਨੂੰ ਸਿੰਗਲ-ਯੂਜ਼ ਆਈਟਮਾਂ ਚਾਹੀਦੀਆਂ ਹਨ ਤਾਂ ਉਹ ਉਹਨਾਂ ਦੀ ਵਰਤੋਂ ਨੂੰ ਘਟਾਉਣਗੇ।

### ਉਪਨਿਯਮ ਵਿੱਚ ਕਿਸ ਕਿਸਮ ਦੇ ਬਰਤਨ ਸ਼ਾਮਲ ਹਨ?

ਇਸ ਉਪਨਿਯਮ ਵਿੱਚ ਸਿੰਗਲ-ਯੂਜ਼ ਚਮਚ, ਚਾਕੂ, ਕਾਂਟੇ ਅਤੇ ਸਾਰੀਆਂ ਕਿਸਮਾਂ ਦੀ ਸਮੱਗਰੀ ਦੀਆਂ ਚੋਪਸਟਿੱਕਾਂ ਸ਼ਾਮਲ ਹਨ। ਹਿਲਾਉਣ ਵਾਲੀਆਂ ਸਟਿੱਕਾਂ ਸ਼ਾਮਲ ਨਹੀਂ ਹਨ।

### ਕੀ ਸਿੰਗਲ-ਯੂਜ਼ ਪਲਾਸਟਿਕ ਦੇ ਬਰਤਨਾਂ ਦੀ ਹਾਲੇ ਵੀ ਆਗਿਆ ਹੈ?

ਹਾਂ। ਸਿੰਗਲ-ਯੂਜ਼ ਪਲਾਸਟਿਕ ਦੇ ਬਰਤਨਾਂ 'ਤੇ ਪਾਬੰਦੀ ਨਹੀਂ ਹੈ। ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਗਾਹਕਾਂ ਨੂੰ ਸਿੰਗਲ-ਯੂਜ਼ ਪਲਾਸਟਿਕ ਦੇ ਚਮਚ, ਕਾਂਟੇ, ਨਾਈਫ ਅਤੇ ਚੋਪਸਟਿਕਾਂ ਪ੍ਰਦਾਨ ਕਰਨਾ ਜਾਰੀ ਰੱਖ ਸਕਦੇ ਹਨ, ਪਰ ਸਿਰਫ ਬੇਨਤੀ ਕਰਨ 'ਤੇ ਜਾਂ ਸੈਲਫ-ਸਰਵਿਸ ਸਟੇਸ਼ਨ 'ਤੇ।

ਜਿਸ ਵੇਲੇ ਅਸੀਂ ਕੋਵਿਡ-19 ਦੌਰਾਨ ਸਿੰਗਲ-ਯੂਜ਼ ਚੀਜ਼ਾਂ ਤੋਂ ਕਚਰੇ ਨੂੰ ਘਟਾਉਣ ਲਈ ਕਦਮ ਚੁੱਕ ਰਹੇ ਹਾਂ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਸਾਡੇ ਸਾਰੇ ਉਪਨਿਯਮ ਪਬਲਿਕ ਹੈਲਥ ਦੀਆਂ ਨਵੀਨਤਮ ਸੇਧਾਂ ਦੇ ਅਨੁਕੂਲ ਹੋਣ ਅਤੇ ਵਸਨੀਕਾਂ, ਕਾਰੋਬਾਰਾਂ ਅਤੇ ਉਹਨਾਂ ਦੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ।

ਕੋਵਿਡ-19 ਸਿਹਤ ਸੰਬੰਧੀ ਤਾਜ਼ਾ ਲੋੜਾਂ ਅਤੇ ਸਰੋਤਾਂ ਲਈ ਅਤੇ ਸ੍ਰੋਤ ਇਹਨਾਂ ਵੈਬਸਾਈਟਾਂ, ਕਿਰਪਾ ਕਰਕੇ ਦੇਖੋ:

- ਆਦੇਸ਼ਾਂ, ਨੋਟਿਸਾਂ ਅਤੇ ਮਾਰਗਦਰਸ਼ਨ ਲਈ ਸੂਬਾਈ ਸਿਹਤ ਅਫਸਰ (Provincial Health Officer' ਦਾ ਵੈੱਬ ਪੇਜ ।
- ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (British Columbia Centre for Disease Control) (BCCDC), ਜਿਸ ਵਿੱਚ ਭੋਜਨ ਦੇ ਕਾਰੋਬਾਰ ਬਾਰੇ ਵੈੱਬ ਪੇਜ ਵੀ ਸ਼ਾਮਲ ਹੈ।
- ਵੈਨਕੂਵਰ ਕੋਸਟਲ ਹੈਲਥ ਦਾ ਵਾਤਾਵਰਣ ਸੰਬੰਧੀ ਸਿਹਤ ਅਤੇ ਜਾਂਚ-ਪੜਤਾਲਾਂ ਬਾਰੇ ਵੈੱਬ ਪੰਨਾ।
- ਵਰਕ ਸੇਫ ਬੀਸੀ।

ਪ੍ਰਕਾਸ਼ਿਤ: ਜੁਲਾਈ 2021

**ਉਪਨਿਯਮ ਖਾਦ ਵਿੱਚ ਬਦਲਣ ਯੋਗ, ਨਸ਼ਟ ਕਰਨ ਯੋਗ, ਬਾਇਓਪਲਾਸਟਿਕ ਵਜੋਂ ਲੇਬਲ ਕੀਤੇ ਜਾਂ ਵਰਣਨ ਕੀਤੇ ਅਤੇ ਪੌਦਿਆਂ ਜਾਂ ਹੋਰ ਜੀਵ-ਵਿਗਿਆਨਕ ਪਦਾਰਥਾਂ ਤੋਂ ਬਣੇ ਪਲਾਸਟਿਕ ਤੋਂ ਬਣੇ ਸਿੰਗਲ-ਯੂਜ਼ ਬਰਤਨਾਂ ਨੂੰ ਕਵਰ ਕਿਉਂ ਕਰਦਾ ਹੈ?**

ਉਪਨਿਯਮ ਸਾਰੀਆਂ ਕਿਸਮਾਂ ਦੇ ਪਦਾਰਥਾਂ ਤੋਂ ਬਣੇ ਸਿੰਗਲ-ਯੂਜ਼ ਬਰਤਨਾਂ 'ਤੇ ਲਾਗੂ ਹੁੰਦਾ ਹੈ। ਪਲਾਸਟਿਕ ਜਿਸ ਨੂੰ ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ (ਬਾਇਓਡਿਗ੍ਰੇਡੇਬਲ, ਆਕਸੋਡਿਗ੍ਰੇਡੇਬਲ, ਫੋਟੋਡਿਗ੍ਰੇਡੇਬਲ, ਆਦਿ), ਦੇ ਤੌਰ 'ਤੇ ਲੇਬਲ ਜਾਂ ਵਰਣਨ ਕੀਤਾ ਜਾਂਦਾ ਹੈ, ਬਾਇਓਪਲਾਸਟਿਕ, ਅਤੇ ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ ਤੋਂ ਬਣਿਆ ਪਲਾਸਟਿਕ:

- ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ
- ਮੌਜੂਦਾ ਖਾਦ ਵਿੱਚ ਬਦਲਣ ਯੋਗ ਅਤੇ ਰੀਸਾਈਕਲਿੰਗ ਸਟ੍ਰੀਮਾਂ ਨੂੰ ਦੂਸ਼ਿਤ ਕਰਦਾ ਹੈ
- ਸੂਬਾਈ ਵਿਨਿਯਮਾਂ ਦੇ ਅਧੀਨ ਖਾਦ ਬਣਾਏ ਜਾਣ ਲਈ ਪ੍ਰਵਾਨਿਤ ਨਹੀਂ ਹੈ
- ਇਹ ਕੁਦਰਤੀ ਵਾਤਾਵਰਣ ਵਿੱਚ ਸੁੱਟ ਦਿੱਤੇ ਜਾਣ 'ਤੇ ਬਾਇਓਡਿਗ੍ਰੇਡ ਹੋਣ ਲਈ ਤਿਆਰ ਨਹੀਂ ਕੀਤਾ ਗਿਆ ਹੈ

ਪਲਾਸਟਿਕ ਜਿਸਨੂੰ ਖਾਦ ਵਿੱਚ ਬਦਲਣ ਯੋਗ ਜਾਂ ਨਸ਼ਟ ਹੋਣ ਯੋਗ ਵਜੋਂ ਲੇਬਲ ਜਾਂ ਵਰਣਿਤ ਕੀਤਾ ਜਾਂਦਾ ਹੈ ਉਸ ਨੂੰ ਵੀ ਰੀਸਾਈਕਲ ਬੀਸੀ ਦੇ ਰਿਹਾਇਸ਼ੀ ਰੀਸਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ।

ਪ੍ਰਦੂਸ਼ਕਾਂ ਦੇ ਤੌਰ 'ਤੇ, ਇਸ ਕਿਸਮ ਦੇ ਪਲਾਸਟਿਕਾਂ ਨੂੰ ਸਥਾਨਕ ਕੰਪੋਸਟਿੰਗ ਸਟ੍ਰੀਮਾਂ ਤੋਂ ਹਟਾਏ ਜਾਣ ਅਤੇ ਫਿਰ ਲੈਂਡਫਿਲ ਜਾਂ ਇਨਸਿਨੇਰੇਟਰਰ ਵਿੱਚ ਸੁੱਟੇ ਜਾਣ ਦੀ ਸਭ ਤੋਂ ਵੱਧ ਸੰਭਾਵਨਾ ਹੁੰਦੀ ਹੈ।

**ਉਪਨਿਯਮ ਵਿੱਚ ਚੋਪਸਟਿਕਾਂ ਵਰਗੇ ਲੱਕੜ ਅਤੇ ਬਾਂਸ ਦੇ ਸਿੰਗਲ-ਯੂਜ਼ ਬਰਤਨ ਕਿਉਂ ਸ਼ਾਮਲ ਕੀਤੇ ਗਏ ਹਨ?**

ਉਪਨਿਯਮ ਸਾਰੀਆਂ ਕਿਸਮਾਂ ਦੇ ਪਦਾਰਥਾਂ ਤੋਂ ਬਣੇ ਸਿੰਗਲ-ਯੂਜ਼ ਬਰਤਨਾਂ 'ਤੇ ਲਾਗੂ ਹੁੰਦਾ ਹੈ। ਸਾਲ 2018 ਵਿੱਚ, ਵੈਨਕੂਵਰ ਵਿੱਚ ਕੂੜੇਦਾਨ ਵਿੱਚ ਸੁੱਟੇ 103 ਮਿਲੀਅਨ ਡਿਸਪੋਜ਼ੇਬਲ ਬਰਤਨਾਂ ਵਿਚੋਂ, ਦੋ ਤਿਹਾਈ ਸਿੰਗਲ-ਯੂਜ਼ ਚੋਪਸਟਿਕਾਂ ਅਤੇ ਲੱਕੜ ਦੇ ਬਰਤਨ ਸਨ। ਇਸ ਵਿੱਚ ਉਹ ਬਰਤਨ ਸ਼ਾਮਲ ਨਹੀਂ ਹੁੰਦੇ ਜੋ ਕੁਦਰਤੀ ਵਾਤਾਵਰਣ ਵਿੱਚ ਇਧਰ-ਉਧਰ ਸੁੱਟ ਦਿੱਤੇ ਜਾਂਦੇ ਹਨ।

**ਕੀ ਉਪਨਿਯਮ ਵਿੱਚ ਭੋਜਨ ਨੂੰ ਹਿਲਾਉਣ ਵਾਲੀਆਂ ਡੰਡੀਆਂ ਸ਼ਾਮਲ ਹਨ? ਵੱਖ-ਵੱਖ ਕਰਕੇ ਪੈਕ ਕੀਤੇ ਸੌਸਾਂ, ਨੈਪਕਿਨਾਂ ਅਤੇ ਹੋਰ ਭੋਜਨ ਅਕਸੈਸਰੀਆਂ ਬਾਰੇ ਕੀ ਹੈ ਜੋ ਅਕਸਰ ਜਲਦ ਸੇਵਾ ਅਤੇ ਟੇਕ-ਆਉਟ ਆਰਡਰਾਂ ਨਾਲ ਮੁਹੱਈਆ ਕੀਤੀਆਂ ਜਾਂਦੀਆਂ ਹਨ?**

ਨਹੀਂ। ਬਰਤਨਾਂ ਬਾਰੇ ਉਪਨਿਯਮ ਭੋਜਨ ਨੂੰ ਹਿਲਾਉਣ ਵਾਲੀਆਂ ਡੰਡੀਆਂ, ਵੱਖ-ਵੱਖ ਕਰਕੇ ਪੈਕ ਕੀਤੇ ਸੌਸਾਂ, ਨੈਪਕਿਨਾਂ ਜਾਂ ਹੋਰ ਭੋਜਨ ਅਕਸੈਸਰੀਆਂ ਨੂੰ ਕਵਰ ਨਹੀਂ ਕਰਦਾ ਹੈ। ਕੂੜੇ ਨੂੰ ਘਟਾਉਣ ਲਈ, ਅਸੀਂ ਭੋਜਨ ਵਿਕ੍ਰੇਤਾਵਾਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਉਹ ਇਹ ਚੀਜ਼ਾਂ ਵੀ ਸਿਰਫ ਬੇਨਤੀ ਕੀਤੇ ਜਾਣ 'ਤੇ ਹੀ ਦੇਣ।

**ਸਾਨੂੰ ਆਪਣੇ ਗਾਹਕਾਂ ਨੂੰ ਕਿਸ ਕਿਸਮ ਦੇ ਬਰਤਨ ਮੁਹੱਈਆ ਕਰਨੇ ਚਾਹੀਦੇ ਹਨ?**

ਜਿੰਨਾ ਸੰਭਵ ਹੋ ਸਕੇ, ਅਸੀਂ ਭੋਜਨ ਵਿਕ੍ਰੇਤਾਵਾਂ ਨੂੰ ਬੈਠ ਕੇ ਭੋਜਨ ਖਾਣ ਦੀ ਸੇਵਾ ਲਈ ਮੁੜ-ਵਰਤੋਂ ਯੋਗ ਚੋਪਸਟਿਕਾਂ ਸਮੇਤ ਮੁੜ-ਵਰਤੋਂ ਯੋਗ ਬਰਤਨਾਂ 'ਤੇ ਬਦਲੀ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

### ਕਿਸ ਕਿਸਮ ਦੇ ਬਰਤਨ ਵਾਤਾਵਰਣ ਪੱਖੋਂ ਸਭ ਤੋਂ ਵੱਧ ਫਾਇਦੇਮੰਦ ਹੁੰਦੇ ਹਨ?

ਹੰਢਣਸਾਰ, ਧੋਣ ਯੋਗ ਅਤੇ ਰੀਸਾਈਕਲ ਕਰਨ ਯੋਗ ਸਮੱਗਰੀਆਂ ਜਿਵੇਂ ਕਿ ਧਾਤ, ਸੇਰਾਮਿਕ ਜਾਂ ਸਖ਼ਤ ਪਲਾਸਟਿਕ ਤੋਂ ਬਣੇ ਮੁੜ-ਵਰਤੋਂ ਯੋਗ ਬਰਤਨਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਜਦੋਂ ਸਿੰਗਲ-ਯੂਜ਼ ਬਰਤਨਾਂ ਦੀ ਲੋੜ ਹੋਵੇ, ਤਾਂ ਅਸੀਂ ਭੋਜਨ ਵਿਕ੍ਰੇਤਾਵਾਂ ਨੂੰ ਅਜਿਹੇ ਵਿਕਲਪਾਂ ਦੀ ਚੋਣ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਜਿਨ੍ਹਾਂ ਨੂੰ ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਸਵੀਕਾਰ ਕੀਤਾ ਜਾ ਸਕਦਾ ਹੈ, ਜਿਵੇਂ ਕਿ ਲੱਕੜ ਜਾਂ ਬਾਂਸ।

### ਮੈਨੂੰ ਸਿੰਗਲ-ਯੂਜ਼ ਬਰਤਨਾਂ ਦੇ ਸਵੀਕਾਰ-ਯੋਗ ਵਿਕਲਪਾਂ ਬਾਰੇ ਜਾਣਕਾਰੀ ਕਿੱਥੇ ਮਿਲ ਸਕਦੀ ਹੈ?

ਸੁਝਾਏ ਗਏ ਵਿਕਲਪਾਂ ਦੀ ਇੱਕ ਸੂਚੀ ਸਾਡੀ ਵੈੱਬਸਾਈਟ vancouver.ca/utensils 'ਤੇ ਅਤੇ ਸਾਡੀ Single-Use Item By-law Guide (ਸਿੰਗਲ-ਯੂਜ਼ ਆਈਟਮ ਉਪਨਿਯਮਾਂ ਬਾਰੇ ਗਾਈਡ) ਵਿੱਚ ਉਪਲਬਧ ਹੈ।

### ਕੀ ਗਾਹਕਾਂ ਨੂੰ ਸਿੰਗਲ-ਯੂਜ਼ ਬਰਤਨ ਮੰਗਣੇ ਪੈਣਗੇ, ਜਾਂ ਕੀ ਸਟਾਫ਼ ਗਾਹਕਾਂ ਨੂੰ ਉਹਨਾਂ ਦੀ ਪੇਸ਼ਕਸ਼ ਕਰ ਸਕਦਾ ਹੈ?

ਸਟਾਫ਼ ਗਾਹਕਾਂ ਨੂੰ ਉਹਨਾਂ ਦੀ ਪੇਸ਼ਕਸ਼ ਕਰ ਸਕਦਾ ਹੈ। ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਸਿੰਗਲ-ਯੂਜ਼ ਬਰਤਨ ਦੇ ਸਕਦੇ ਹਨ ਜਦੋਂ:

- ਕੋਈ ਗਾਹਕ ਇਹਨਾਂ ਲਈ ਬੇਨਤੀ ਕਰਦਾ ਹੈ, ਜਾਂ
- ਭੋਜਨ ਵਿਕ੍ਰੇਤਾ ਦੁਆਰਾ ਪੇਸ਼ਕਸ਼ ਕੀਤੇ ਜਾਣ 'ਤੇ ਗਾਹਕ ਪੁਸ਼ਟੀ ਕਰਦਾ ਹੈ ਕਿ ਉਸ ਨੂੰ ਇਹ ਬਰਤਨ ਚਾਹੀਦੇ ਹਨ

ਉਪਨਿਯਮ ਵਿਅਕਤੀਗਤ, ਆਨਲਾਈਨ ਅਤੇ ਟੈਲੀਫੋਨ ਆਰਡਰਾਂ ਸਮੇਤ, ਸਾਰੇ ਆਰਡਰਾਂ 'ਤੇ ਲਾਗੂ ਹੁੰਦਾ ਹੈ। ਆਪਣੇ ਸਟਾਫ਼ ਨੂੰ ਸਿਖਲਾਈ ਦਿਓ ਕਿ ਉਹ ਵਿਅਕਤੀਗਤ ਤੌਰ 'ਤੇ ਪਰੋਸਦੇ ਸਮੇਂ ਅਤੇ ਟੇਕ-ਆਉਟ ਆਰਡਰ ਤਿਆਰ ਕਰਦੇ ਸਮੇਂ, ਦੋਵਾਂ ਸਥਿਤੀਆਂ ਵਿੱਚ ਸਿੰਗਲ-ਯੂਜ਼ ਬਰਤਨ ਆਪਣੇ-ਆਪ ਨਾ ਦੇਣ। ਆਪਣੇ ਗਾਹਕਾਂ ਨੂੰ ਲੋੜ ਹੋਣ 'ਤੇ ਬਰਤਨਾਂ ਦੀ ਬੇਨਤੀ ਕਰਨ ਲਈ ਕਹਿਣ ਵਾਸਤੇ ਟਿਲ ਉੱਪਰ ਲਗਾਉਣ ਵਾਲੀ ਜਾਣਕਾਰੀ ਲਈ vancouver.ca/utensils 'ਤੇ ਜਾਓ।

### ਕੀ ਸੈਲਫ-ਸਰਵਿਸ ਸਟੇਸ਼ਨਾਂ 'ਤੇ ਸਿੰਗਲ-ਯੂਜ਼ ਬਰਤਨ ਦਿੱਤੇ ਜਾ ਸਕਦੇ ਹਨ?

ਹਾਂ। ਸਵੈ-ਸੇਵਾ ਵਾਲੇ ਸਟੇਸ਼ਨਾਂ ਦੀ ਆਗਿਆ ਹੈ। "ਸੈਲਫ-ਸਰਵਿਸ ਸਟੇਸ਼ਨ" ਉਹ ਖੇਤਰ ਹੁੰਦਾ ਹੈ ਜਿਥੇ ਗਾਹਕ ਆਪਣੇ ਲਈ ਬਰਤਨ ਚੁਣ ਸਕਦੇ ਹਨ।

### ਕੀ ਸਿੰਗਲ-ਯੂਜ਼ ਬਰਤਨਾਂ ਨੂੰ ਖਾਣੇ ਦੀ ਮੇਜ਼ 'ਤੇ ਰੱਖਿਆ ਜਾ ਸਕਦਾ ਹੈ?

ਨਹੀਂ। ਸਿੰਗਲ-ਯੂਜ਼ ਬਰਤਨਾਂ ਨੂੰ ਵਿਅਕਤੀਗਤ ਸਥਾਨ ਵਾਲੀਆਂ ਥਾਵਾਂ 'ਤੇ ਜਾਂ ਡਾਇਨਿੰਗ ਟੇਬਲਾਂ 'ਤੇ ਨਹੀਂ ਰੱਖਿਆ ਜਾ ਸਕਦਾ। ਸਿੰਗਲ-ਯੂਜ਼ ਬਰਤਨ ਸਿਰਫ ਤਾਂ ਹੀ, ਜੇ ਗਾਹਕ ਉਹਨਾਂ ਦੀ ਮੰਗ ਕਰਦੇ ਹਨ, ਜਾਂ ਅਹਾਤੇ ਵਿੱਚ ਵੱਖਰੇ ਖੇਤਰ ਵਿੱਚ ਸੈਲਫ ਸਰਵਿਸ ਵਾਲੇ ਸਟੇਸ਼ਨਾਂ 'ਤੇ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ।

# ਬਰਤਨਾਂ ਬਾਰੇ ਉਪਨਿਯਮ - 22 ਅਪ੍ਰੈਲ 2022
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

**ਕੀ ਫੂਡ ਡਿਲੀਵਰੀ ਸੇਵਾਵਾਂ ਨੂੰ ਬਰਤਨਾਂ ਬਾਰੇ ਉਪਨਿਯਮ ਦੀ ਪਾਲਣਾ ਕਰਨ ਦੀ ਲੋੜ ਹੈ?**

ਜੇ ਕੋਈ ਕਾਰੋਬਾਰ ਸਿਰਫ ਡਿਲੀਵਰੀ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਤਿਆਰ ਭੋਜਨ ਨਹੀਂ ਵੇਚਦਾ, ਤਾਂ ਇਹ ਉਪ-ਨਿਯਮ ਉਹਨਾਂ 'ਤੇ ਸਿੱਧਾ ਲਾਗੂ ਨਹੀਂ ਹੁੰਦਾ ਹੈ। ਪਰ, ਵੈਨਕੂਵਰ ਵਿੱਚ ਸਥਿਤ ਭੋਜਨ ਵਿਕ੍ਰੇਤਾਵਾਂ ਨੂੰ ਉਪਨਿਯਮ ਦਾ ਲਾਜ਼ਮੀ ਪਾਲਣ ਕਰਨਾ ਚਾਹੀਦਾ ਹੈ, ਜਿਸ ਵਿੱਚ ਭੋਜਨ ਡਿਲੀਵਰੀ ਸੇਵਾਵਾਂ ਦੁਆਰਾ ਵਿਕਰੀ ਵੀ ਸ਼ਾਮਲ ਹੈ। ਸਾਰੇ ਭੋਜਨ ਡਿਲੀਵਰੀ ਸੇਵਾ ਪ੍ਰਦਾਨਕਾਂ ਨੂੰ ਆਪਣੇ ਆਨਲਾਈਨ, ਮੋਬਾਈਲ ਅਤੇ ਟੈਲੀਫੋਨ ਆਰਡਰਿੰਗ ਪਲੇਟਫਾਰਮਾਂ ਨੂੰ ਅੱਪਡੇਟ ਕਰਨਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਗਾਹਕ ਵੈਨਕੂਵਰ ਵਿੱਚ ਸਥਿਤ ਭੋਜਨ ਵਿਕ੍ਰੇਤਾਵਾਂ ਤੋਂ ਆਪਣੀ ਲੋੜ ਦੇ ਬਰਤਨਾਂ ਦੀ ਬੇਨਤੀ ਕਰ ਸਕਣ।

**ਕੀ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਲਈ ਬਰਤਨਾਂ ਬਾਰੇ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ?**

ਹਾਂ। ਚੈਰੀਟੇਬਲ ਭੋਜਨ ਸੇਵਾਵਾਂ ਮੁਹੱਈਆ ਕਰਨ ਵਾਲੀਆਂ ਰਜਿਸਟਰਡ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ ਸਮੇਤ, ਉਹ ਸਾਰੇ ਸੰਗਠਨ ਜਿਨ੍ਹਾਂ ਨੂੰ ਵੈਨਕੂਵਰ ਦੇ ਲਾਇਸੈਂਸ ਉਪਨਿਯਮ ਨੰਬਰ 4450 ਦੇ ਤਹਿਤ ਵਪਾਰਕ ਲਾਇਸੈਂਸ ਰੱਖਣ ਦੀ ਲੋੜ ਹੈ, ਲਈ ਬਰਤਨਾਂ ਬਾਰੇ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ।

"ਚੈਰੀਟੇਬਲ ਭੋਜਨ ਸੇਵਾਵਾਂ" ਨੂੰ ਕਿਸੇ ਸੰਗਠਨ ਦੁਆਰਾ ਮੁਫ਼ਤ ਜਾਂ ਘੱਟ ਕੀਮਤ 'ਤੇ ਭੋਜਨ ਮੁਹੱਈਆ ਕਰਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੈ ਅਤੇ ਚੰਗੀ ਸਥਿਤੀ ਵਿੱਚ ਹੈ, ਜਾਂ ਫੈਡਰਲ ਇਨਕਮ ਟੈਕਸ ਕਾਨੂੰਨ ਦੇ ਅਧੀਨ ਇੱਕ ਚੈਰੀਟੇਬਲ ਸੰਗਠਨ ਵਜੋਂ ਰਜਿਸਟਰਡ ਹੈ।

<u>ਧਿਆਨ ਦਿਓ:</u> ਕੋਵਿਡ-19 ਦੇ ਦੌਰਾਨ, ਚੈਰੀਟੇਬਲ ਭੋਜਨ ਸੇਵਾਵਾਂ ਡਿਸਪੋਜ਼ੇਬਲ ਭਾਂਡਿਆਂ ਸਮੇਤ, ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਦੀ ਵੰਡ ਕਰਨਾ ਜਾਰੀ ਰੱਖ ਸਕਦੀਆਂ ਹਨ, ਪਰ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਿੰਨੀ ਜਲਦੀ ਸੰਭਵ ਹੋ ਸਕੇ ਉਪਨਿਯਮਾਂ ਦੀ ਪਾਲਣਾ ਕਰਨ ਵੱਲ ਕੰਮ ਕਰਨਾ ਸ਼ੁਰੂ ਕਰਨ।

**ਕਿਸ ਨੂੰ ਅਤੇ ਕਿਸ ਚੀਜ਼ ਨੂੰ ਬਰਤਨਾਂ ਬਾਰੇ ਉਪਨਿਯਮ ਤੋਂ ਛੋਟ ਹੈ?**

<u>ਹਸਪਤਾਲ ਅਤੇ ਕਮਿਉਨਿਟੀ ਕੇਅਰ ਸਹੂਲਤਾਂ:</u> ਹਸਪਤਾਲਾਂ ਵਿੱਚ ਮਰੀਜ਼ਾਂ ਲਈ ਭੋਜਨ ਸੇਵਾ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਦੇ ਵਸਨੀਕਾਂ 'ਤੇ ਬਰਤਨਾਂ ਬਾਰੇ ਉਪਨਿਯਮ ਲਾਗੂ ਨਹੀਂ ਹੁੰਦੇ ਹਨ।

*ਮਹੱਤਵਪੂਰਨ:* ਬਰਤਨਾਂ ਬਾਰੇ ਉਪਨਿਯਮ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਖਾਣੇ ਦੇ ਵਿਕ੍ਰੇਤਾਵਾਂ 'ਤੇ ਲਾਗੂ *ਹੁੰਦਾ* ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਨ ਲਈ: ਕੈਫੇਟੇਰੀਆ, ਕੈਫੇ) ਜੋ ਗਾਹਕਾਂ ਨੂੰ ਪਕਾਇਆ ਹੋਇਆ ਭੋਜਨ ਦਿੰਦੇ ਹਨ।

<u>ਸਟੋਰਾਂ ਵਿੱਚ ਪੈਕ ਕੀਤੇ ਬਰਤਨ ਵੇਚਣੇ:</u> ਰਿਟੇਲਰਾਂ ਨੂੰ ਹਾਲੇ ਵੀ ਨਿੱਜੀ ਵਰਤੋਂ ਲਈ ਘੱਟੋ-ਘੱਟ 20 ਸਿੰਗਲ-ਯੂਜ਼ ਬਰਤਨਾਂ ਦੇ ਪੈਕੇਜ ਵੇਚਣ ਦੀ ਇਜਾਜ਼ਤ ਹੈ।

**ਹਸਪਤਾਲਾਂ ਅਤੇ ਕਮਿਊਨਿਟੀ ਕੇਅਰ ਅਦਾਰਿਆਂ ਨੂੰ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਬਾਰੇ ਉਪਨਿਯਮ ਤੋਂ ਛੋਟ ਕਿਉਂ ਹੈ?**

ਹਸਪਤਾਲਾਂ ਅਤੇ ਕਮਿਊਨਿਟੀ ਕੇਅਰ ਅਦਾਰਿਆਂ ਲਈ ਉਪਨਿਯਮ ਤੋਂ ਛੋਟ ਸਿਹਤ ਸੰਸਥਾਵਾਂ ਨੂੰ ਇਨਫੈਕਸ਼ਨ ਕੰਟਰੋਲ, ਕੰਮ ਕਰਨ ਦੀ ਥਾਂ ਦੀ ਸਿਹਤ ਅਤੇ ਸੁਰੱਖਿਆ ਅਤੇ ਮਰੀਜ਼ਾਂ ਦੀ ਦੇਖਭਾਲ ਦੇ ਮਿਆਰਾਂ ਨੂੰ ਪੂਰਾ ਕਰਨ ਲਈ ਸਿਹਤ ਦੇਖਭਾਲ ਦੀਆਂ ਜ਼ਰੂਰਤਾਂ 'ਤੇ ਧਿਆਨ ਦੇਣ ਲਈ ਲਚਕਤਾ ਦਿੰਦੀ ਹੈ। ਉਦਾਹਰਣ ਵਜੋਂ, ਲਾਗ ਦੇ ਫੈਲਣ ਦੇ ਜੋਖਮ ਨੂੰ ਘਟਾਉਣ ਲਈ ਹਸਪਤਾਲ ਦੇ ਮਰੀਜ਼ਾਂ ਨੂੰ ਤਿਆਰ ਭੋਜਨ ਪਰੋਸਣ ਲਈ ਕੁਝ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜ਼ਰੂਰੀ ਹਨ, ਅਤੇ ਸੁਰੱਖਿਆ ਚਿੰਤਾਵਾਂ ਨੂੰ ਦੂਰ ਕਰਨ ਲਈ ਮਾਨਸਿਕ ਰੋਗਾਂ ਦੀਆਂ ਇਕਾਈਆਂ ਵਿੱਚ ਇੱਕੋ-ਵਾਰੀ ਵਰਤੇ ਜਾਣ ਵਾਲੇ ਪਲਾਸਟਿਕ ਦੇ ਕਾਂਟੇ-ਛੁਰੀਆਂ ਇੱਕ ਤਰਜੀਹੀ ਵਿਕਲਪ ਹੈ।

ਸਿਟੀ ਨੂੰ ਪਤਾ ਹੈ ਕਿ ਸਿਹਤ ਸੰਸਥਾਵਾਂ ਨਿਰੰਤਰ ਅਧਾਰ 'ਤੇ ਸਿਹਤ ਦੇਖਭਾਲ ਵਿੱਚ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਵੰਡ ਨੂੰ ਘਟਾਉਣ ਦੇ ਮੌਕਿਆਂ ਦੀ ਜਾਂਚ ਕਰ ਰਹੀਆਂ ਹਨ।

**ਸਿਟੀ ਬਰਤਨਾਂ ਬਾਰੇ ਉਪਨਿਯਮ ਨੂੰ ਕਿਵੇਂ ਲਾਗੂ ਕਰੇਗੀ?**

ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਕਾਰਨ, ਸਿਟੀ ਦਾ ਸਟਾਫ਼ ਪਹੁੰਚ ਕਰਨ ਅਤੇ ਸਿੱਖਿਆ ਦੇਣ ਨੂੰ ਪਹਿਲ ਦੇ ਰਿਹਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਕਾਰੋਬਾਰਾਂ ਕੋਲ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮਾਂ ਦੀ ਪਾਲਣਾ ਕਰਨ ਲਈ ਉਹ ਸਹਾਇਤਾ ਹੋਵੇ ਜਿਸਦੀ ਉਹਨਾਂ ਨੂੰ ਲੋੜ ਹੈ। ਜੇ ਕੋਈ ਕਾਰੋਬਾਰ ਲਾਗੂ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮ ਦੀ ਪਾਲਣਾ ਨਾ ਕਰਦਾ ਹੋਇਆ ਪਾਇਆ ਜਾਂਦਾ ਹੈ, ਤਾਂ ਸਿਟੀ ਦੀ ਸ਼ੁਰੂਆਤੀ ਕਾਰਵਾਈਆਂ ਪਾਲਣਾ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਸਿੱਖਿਆ, ਪਹੁੰਚ ਅਤੇ ਸਹਾਇਤਾ 'ਤੇ ਕੇਂਦ੍ਰਿਤ ਹੋਣਗੀਆਂ।

ਇਹਨਾਂ ਸ਼ੁਰੂਆਤੀ ਵਿਦਿਅਕ ਕਾਰਵਾਈਆਂ ਦੇ ਬਾਅਦ, ਪਾਲਣਾ ਨਾ ਕਰਨ ਵਾਲੇ ਆਪਰੇਟਰਾਂ 'ਤੇ ਧਿਆਨ ਦੇਣ ਲਈ ਲਾਗੂਕਰਣ ਦੇ ਵਧੇ ਹੋਏ ਪੱਧਰਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਲਾਗੂ ਕਰਨ ਵਿੱਚ ਟਿਕਟਾਂ ਜਾਰੀ ਕਰਨਾ ਸ਼ਾਮਲ ਹੋ ਸਕਦਾ ਹੈ, ਜਿਨ੍ਹਾਂ 'ਤੇ ਪ੍ਰਤੀ ਅਪਰਾਧ $500 ਜੁਰਮਾਨਾ ਹੁੰਦਾ ਹੈ, ਜਾਂ ਸੂਬਾਈ ਅਦਾਲਤ ਵਿੱਚ ਹੋਰ ਮੁਕੱਦਮਾ ਕੀਤਾ ਜਾ ਸਕਦਾ ਹੈ ਜੋ ਕਿ ਪ੍ਰਤੀ ਅਪਰਾਧ ਵੱਧ ਤੋਂ ਵੱਧ $10,000 ਜੁਰਮਾਨੇ ਦੇ ਅਧੀਨ ਹੋ ਸਕਦਾ ਹੈ। ਨਿਰੰਤਰ ਗੈਰ-ਪਾਲਣਾ ਦੇ ਨਤੀਜੇ ਵਜੋਂ ਕਾਰੋਬਾਰ ਦਾ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ, ਜਾਂ ਕਾਰੋਬਾਰ ਦੇ ਲਾਇਸੈਂਸ ਨੂੰ ਰੱਦ ਕਰਨ ਲਈ ਸਿਫ਼ਾਰਿਸ਼ਾਂ ਕੀਤੀਆਂ ਜਾ ਸਕਦੀਆਂ ਹਨ।

ਲਾਗੂਕਰਣ ਬਾਰੇ ਨਵੀਨਤਮ ਅੱਪਡੇਟਾਂ ਲਈ, **vancouver.ca/reduce-single-use** 'ਤੇ ਜਾਓ